ਵਿਸ਼ਾ- ਪੰਜਾਬੀ ਜਮਾਤ- ਦਸਵੀਂ ਸਾਲ- ਅਪ੍ਰੈਲ 2020

# ਇੱਕ ਹੋਰ ਨਵਾਂ ਸਾਲ ਨਾਵਲ - ਪ੍ਰੋਫ਼ੈਸਰ ਨਰਿੰਜਨ ਤਸਨੀਮ




## ਬੰਤੇ ਦਾ ਪਾਤਰ-ਚਿਤਰਣ

**ਜਾਣ ਪਛਾਣ :-** ਬੰਤਾ ਨਰਿੰਜਨ ਤਸਨੀਮ ਦੇ ਲਿਖੇ ਨਾਵਲ ਇੱਕ ਹੋਰ ਨਵਾਂ ਸਾਲ ਦਾ ਮੁੱਖ ਪਾਤਰ ਹੈ। ਉਸ ਦੀਆਂ ਦੋ ਧੀਆਂ ਅਤੇ ਇੱਕ ਪੁੱਤਰ ਫੁੰਮਣ ਹੈ। ਉਸ ਦੀ ਪਤਨੀ ਦਾ ਨਾਂ ਤਾਰੋ ਹੈ। ਉਹ ਅੰਮ੍ਰਿਤਸਰ ਸ਼ਹਿਰ ਵਿੱਚ ਰਿਕਸ਼ਾ ਚਲਾਉਣ ਦਾ ਕੰਮ ਕਰਦਾ ਹੈ।

**ਇੱਕ ਕਿਰਤੀ ਆਦਮੀ :-** ਬੰਤਾ ਇੱਕ ਕਿਰਤੀ ਆਦਮੀ ਹੈ ਉਹ ਉਦੋਂ ਤੋਂ ਹੀ ਰਿਕਸ਼ਾ ਚਲਾਉਂਦਾ ਸੀ ਜਦੋਂ ਉਸ ਦੇ ਹਾਲੇ ਮੁੱਛ ਵੀ ਨਹੀਂ ਸੀ ਫੁੱਟੀ।

**ਹੱਕ ਹਲਾਲ ਦੀ ਖਾਣ ਵਾਲਾ** :- ਬੰਤਾ ਹੱਕ ਹਲਾਲ ਦੀ ਕਮਾਈ ਕਰਨ ਵਾਲਾ ਆਦਮੀ ਹੈ। ਉਹ ਸਵਾਰੀਆਂ ਤੋਂ ਜ਼ਿਆਦਾ ਪੈਸੇ ਨਹੀਂ ਲੈਂਦਾ। ਉਹ ਕਿਸੇ ਦੀ ਖ਼ੁਸ਼ੀ ਜਾਂ ਗ਼ਮੀ ਦਾ ਫਾਇਦਾ ਉਠਾ ਕੇ ਉਸ ਤੋਂ ਵੱਧ ਪੈਸੇ ਨਹੀਂ ਲੈਂਦਾ।

**ਆਰਥਿਕ ਤੰਗੀ ਦਾ ਸ਼ਿਕਾਰ** :- ਬੰਤਾ ਮਹਿੰਗਾਈ ਤੋਂ ਪਰੇਸ਼ਾਨ ਅਤੇ ਆਰਥਿਕ ਤੌਰ ਤੰਗ ਹੈ। ਬਾਪ ਦੀ ਮੌਤ ਕਾਰਨ ਅਤੇ ਉਸ ਦੇ ਸਿਰ ਤੇ ਚੜ੍ਹੇ ਕਰਜ਼ੇ ਕਾਰਨ ਉਸ ਨੂੰ ਪੜ੍ਹਾਈ ਵਿਚਾਲੇ ਹੀ ਛੱਡਣੀ ਪਈ ਸੀ।

**ਇੱਕ ਜ਼ਿੰਮੇਵਾਰ ਆਦਮੀ** :- ਇੱਕ ਜ਼ਿੰਮੇਵਾਰ ਵਿਅਕਤੀ ਸੀ। ਉਹ ਰਿਕਸ਼ੇ ਵਿੱਚ ਬੈਠਣ ਵਾਲੀਆਂ ਸਵਾਰੀਆਂ ਦੀ ਰੱਖਿਆ ਕਰਨਾ ਆਪਣਾ ਫ਼ਰਜ਼ ਸਮਝਦਾ ਸੀ।

**ਪਤਨੀ ਦਾ ਖਿਆਲ ਰੱਖਣ ਵਾਲਾ** :- ਬੰਦਾ ਆਪਣੀ ਪਤਨੀ ਤਾਰੋ ਦਾ ਬਹੁਤ ਫ਼ਿਕਰ ਕਰਦਾ ਸੀ। ਉਸ ਦੇ ਪਾਟੇ-ਪੁਰਾਣੇ ਕੱਪੜੇ ਦੇਖ ਕੇ ਉਸ ਨੂੰ ਦੁੱਖ ਹੁੰਦਾ ਸੀ।

**ਅਮੀਰ ਹੋਣ ਦੇ ਸੁਪਨੇ ਵੇਖਣ ਵਾਲਾ** :- ਬੰਤਾ ਖ਼ੂਬ ਕਮਾਈ ਕਰਕੇ ਅਮੀਰ ਬਣਨਾ ਚਾਹੁੰਦਾ ਸੀ। ਚੰਗਾ ਘਰ ਬਣਾ ਕੇ ਚੰਗਾ ਖਾਵੇ ਹੰਢਾਵੇ ਅਤੇ ਤਾਰੋ ਨੂੰ ਖੁਸ਼ ਰੱਖੇ।

**ਬੱਚਿਆਂ ਨਾਲ ਮੋਹ ਰੱਖਣ ਵਾਲਾ** :- ਬੰਤਾ ਬੱਚਿਆਂ ਨੂੰ ਬਹੁਤ ਮੋਹ ਕਰਦਾ ਸੀ। ਉਹ ਆਪਣੇ ਪੁੱਤਰ ਫੁੰਮਣ ਨੂੰ ਚੌਦਾਂ ਜਮਾਤਾਂ ਪੜ੍ਹਾ ਕੇ ਨੌਕਰੀ ਤੇ ਲਗਵਾਉਣਾ ਚਾਹੁੰਦਾ ਹੈ।

## ਤਾਰੋ ਦਾ ਪਾਤਰ ਚਿਤਰਨ

**ਜਾਣ ਪਛਾਣ** :- ਤਾਰੋ ਇੱਕ ਹੋਰ ਨਵਾਂ ਸਾਲ ਨਾਵਲ ਦੇ ਮੁੱਖ ਪਾਤਰ ਬੰਤੇ ਦੀ ਪਤਨੀ ਹੈ। ਉਸ ਦੀਆਂ ਦੋ ਧੀਆਂ ਅਤੇ ਇੱਕ ਪੁੱਤਰ ਫੁੰਮਣ ਹੈ। ਉਹ ਘੱਟ ਪੜ੍ਹੀ ਲਿਖੀ ਔਰਤ ਹੈ। ਉਸ ਦੀ ਆਪਣੀ ਸੱਸ ਨਾਲ ਘੱਟ ਬਣਦੀ ਹੈ, ਜਿਸ ਕਰਕੇ ਉਹ ਪਿੰਡ ਅਲੱਗ ਰਹਿੰਦੀ ਹੈ।

**ਸੋਹਣੇ ਨੈਣ-ਨਕਸ਼** :- ਤਾਰੋ ਜਦੋਂ ਵਿਆਹੀ ਆਈ ਸੀ, ਉਦੋਂ ਬਹੁਤ ਸੋਹਣੀ ਸੀ। ਉਸ ਦੇ ਨੈਣ ਨਕਸ਼ ਤਿੱਖੇ ਸਨ। ਉਸ ਦੀ ਸ਼ਕਲ ਭੋਲੀ ਸੀ। ਉਸ ਦੀਆਂ ਅੱਖਾਂ ਕਾਲੀਆਂ ਅਤੇ ਮੋਟੀਆਂ ਸਨ ।

**ਖ਼ਰਾਬ ਸਿਹਤ** :- ਬੰਤੇ ਦੇ ਜਨਮ ਪਿੱਛੋਂ ਉਸ ਦੀ ਸਿਹਤ ਖ਼ਰਾਬ ਰਹਿੰਦੀ ਸੀ। ਉਸ ਦੀ ਖ਼ਰਾਬ ਸਿਹਤ ਦਾ ਬੰਤੇ ਨੂੰ ਬਹੁਤ ਫ਼ਿਕਰ ਸੀ।

**ਜ਼ਿੰਮੇਵਾਰ ਘਰੇਲੂ ਔਰਤ :-** ਉਹ ਜ਼ਿੰਮੇਵਾਰ ਘਰੇਲੂ ਔਰਤ ਹੈ। ਉਹ ਤਿੰਨ ਬੱਚੇ ਵੀ ਪਾਲਦੀ ਹੈ ਅਤੇ ਨਾਲ ਹੀ ਇਕ ਸਕੂਲ ਮਾਸਟਰ ਦੇ ਘਰ ਦੋ ਵੇਲੇ ਕੰਮ ਕਰਨ ਵੀ ਜਾਂਦੀ ਹੈ।

**ਮਾਨਸਿਕ ਸਦਮੇ ਦਾ ਸ਼ਿਕਾਰ :-** ਵਿਆਹ ਤੋਂ ਮਗਰੋਂ ਉਸ ਦੀ ਸੱਸ ਨੇ ਉਸ ਦੇ ਦਾਜ ਵਾਲੇ ਟਰੰਕ ਵਿੱਚੋਂ ਕੁਝ ਕੱਪੜੇ ਕੱਢ ਕੇ ਆਪਣੀਆਂ ਧੀਆਂ ਨੂੰ ਦੇ ਦਿੱਤੇ। ਜਿਸ ਕਾਰਨ ਉਹ ਖ਼ਾਲੀ ਟਰੰਕ ਨੂੰ ਵੇਖ ਕੇ ਕਈ ਦਿਨ ਰੋਂਦੀ ਰਹੀ। ਉਸ ਨੂੰ ਬੰਨ ਤੇ ਸਿਰ ਚੜ੍ਹੇ ਕਰਜ਼ੇ ਦਾ ਵੀ ਬਹੁਤ ਫ਼ਿਕਰ ਰਹਿੰਦਾ। ਇਨ੍ਹਾਂ ਗੱਲਾਂ ਕਰਕੇ ਉਹ ਸਦਮੇ ਦਾ ਸ਼ਿਕਾਰ ਸੀ।

**ਉਦਾਸ ਤੇ ਚੁੱਪ ਰਹਿਣ ਵਾਲੀ :-** ਇੱਕ ਵਾਰ ਬੰਤੇ ਨੇ ਤਾਰੋ ਨਾਲ ਲੜ ਕੇ ਉਸ ਦੇ ਮਾਰਿਆ ਸੀ, ਜਿਸ ਪਿੱਛੋਂ ਉਹ ਉਦਾਸ ਰਹਿਣ ਲੱਗ ਪਈ ਸੀ। ਬੰਤਾ ਉਸ ਦੇ ਉਦਾਸ ਰਹਿਣ ਦਾ ਕਾਰਨ ਘਰ ਦੀ ਗ਼ਰੀਬੀ ਸਮਝਦਾ ਸੀ। ਜਿਸ ਦਿਨ ਬੰਤਾ ਜ਼ਿਆਦਾ ਪੈਸੇ ਕਮਾ ਕੇ ਲਿਆਂਉਦਾ ਤਾਂ ਉਹ ਖੁਸ਼ ਹੋ ਜਾਂਦੀ।